ਮੀਟਿੰਗ ਦੀ ਕਾਰਵਾਈ ਜੋ ਮਿਤੀ 30-4-2025 ਨੂੰ Raising and Strengthning of Sunam Dharamgarh Jakhepal (ODR-10) UNDER CRIF SCHEME DURING 2024-25 ਰਕਮ 1799.99 ਲੱਖ ਰੁਪਏ, ਜਮਾਨਤੀ ਰਕਮ ਰੁਪਏ 35.99 ਲੱਖ ਅਤੇ ਸਮਾਂ 06 ਮਹੀਨੇ ਸਬੰਧੀ ਕੀਤੀ ਗਈ।

ਮੁੱਖ ਇੰਜੀਨੀਅਰ (ਸਾਊਥ) ਪੰਜਾਬ ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ ਪਟਿਆਲਾ ਦੇ ਪੱਤਰ ਨੰਬਰ 5285-88/ਰੋਡ-1/ਪੀ.ਆਰ. ਮਿਤੀ 11-8-2015 ਅਤੇ ਪੰਜਾਬ ਸਰਕਾਰ, ਵਿੱਤ ਵਿਭਾਗ (ਖਜਾਨਾ ਤੇ ਲੇਖਾ) ਵਿੱਤ ਤੇ ਯੋਜਨਾ ਭਵਨ, ਚੰਡੀਗੜ੍ਹ ਜੀ ਦੇ ਪਿੱਠਅੰਕਣ ਨੰ: ਟੀ.ਏ.(ਐਸ-1)2022/ਕੰਪਿ: ਨੰ: 336982/4220-25 ਮਿਤੀ 17-6-2022 ਰਾਹੀਂ ਹੇਠ ਲਿਖੇ ਅਧਿਕਾਰੀਆਂ ਦੀ ਕਮੇਟੀ ਹਲਕਾ ਸੰਗਰੂਰ ਦੇ ਕੰਮਾਂ ਦੇ ਟੈਂਡਰਾਂ ਦਾ ਮੁਲਾਂਕਣ ਕਰਨ ਲਈ ਗਠਿਤ ਕੀਤੀ ਗਈ ਹੈ:-

1. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਸੰਗਰੂਰ ।
2. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਫਰੀਦਕੋਟ ।
3. ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਭ ਤੇ ਮ ਸ਼ਾਖਾ, ਸੰਗਰੂਰ।
4. ਡਿਪਟੀ ਕੰਨਟਰੋਲਰ (ਵਿੱਤ ਤੇ ਲੇਖਾ), ਅੰਦਰੂਨੀ ਪੜਤਾਲ ਸੰਸਥਾ (ਮਾਲ), ਸੰਗਰੂਰ।

Raising and Strengthning of Sunam Dharamgarh Jakhepal (ODR-10) UNDER CRIF SCHEME DURING 2024-25 ਰਕਮ 1799.99 ਲੱਖ ਰੁਪਏ ਦੇ ਟੈਂਡਰ ਬਿੱਡ ਨੋਟਿਸ ਨੰ. 32 ਮਿਤੀ 01.01.2025 ਰਾਹੀਂ ਮੰਗੇ ਗਏ ਸਨ। ਟੈਂਡਰ ਡਾਕੂਮੈਂਟਸ ਮਿਤੀ 17.03.2025 ਨੂੰ ਸਵੇਰੇ 11:00 ਵਜੇ ਤੱਕ ਵੈਬਸਾਇਟ www.eproc.punjab.gov.in ਤੇ ਅਪਲੋਡ ਕੀਤੇ ਜਾਣੇ ਸਨ ਅਤੇ ਮਿਤੀ 17.03.2025 ਨੂੰ ਹੀ ਸ਼ਾਮ 04:00 ਵਜੇ ਟੈਕਨੀਕਲ ਬਿੱਡਾਂ ਖੋਲੀਆਂ ਜਾਣੀਆਂ ਸਨ, ਪ੍ਰੰਤੂ ਕੋਰੀਜੰਡਮ ਨੰ: 52 ਮਿਤੀ 17-3-25 ਰਾਹੀ ਇਸ ਕੰਮ ਲਈ ਟੈਂਡਰ ਪਾਉਣ ਦਾ ਸਮਾਂ ਵਧਾ ਦਿੱਤਾ ਗਿਆ। ਹੁਣ ਟੈਂਡਰ ਡਾਕੂਮੈਂਟਸ ਮਿਤੀ 02.04.2025 ਨੂੰ ਸਵੇਰੇ 10:00 ਵਜੇ ਤੱਕ ਵੈਬਸਾਇਟ ਤੇ ਅਪਲੋਡ ਕੀਤੇ ਜਾਣੇ ਸਨ ਅਤੇ ਮਿਤੀ 03.04.2025 ਨੂੰ ਸਵੇਰੇ 11:00 ਵਜੇ ਟੈਕਨੀਕਲ ਬਿੱਡਾਂ ਖੋਲੀਆਂ ਜਾਣੀਆਂ ਸਨ ਮਿਤੀ 03.04.2025 ਨੂੰ ਸਵੇਰੇ 11:00 ਵਜੇ ਉਪਰੋਕਤ ਵੈਬਸਾਇਟ ਤੋਂ ਪ੍ਰਾਪਤ ਹੋਈਆ ਟੈਕਨੀਕਲ ਬਿੱਡਾ ਡਾਊਨਲੋਡ ਕੀਤੀਆਂ ਗਈਆਂ।ਇਸ ਕੰਮ ਲਈ ਹੇਠ ਲਿਖੀਆਂ ਪੰਜ ਏਜੰਸੀਆਂ ਵੱਲੋਂ ਟੈਂਡਰ ਡਾਕੂਮੈਂਟਸ ਅਪਲੋਡ ਕੀਤੇ ਗਏ ਸਨ:-

1. ਮੈ/ਸ: ਬੀ.ਐਸ. ਬਿਲਡਰਜ਼, ਦਿੜਬਾ।
2. ਮੈ/ਸ: ਗੁਪਤਾ ਬਿਲਡਰਜ਼, ਸੁਨਾਮ।
3. ਮੈ/ਸ: ਸੰਜੀਵ ਕੁਮਾਰ ਗੋਇਲ ਕੰਨਟਰੈਕਟਰ, ਮਾਨਸਾ।
4. ਮੈ/ਸ: ਵਿਸ਼ਵਾਸ ਕੰਨਸਟਰਕਸ਼ਨ ਕੰਪਨੀ, ਬਠਿੰਡਾ।
5. ਮੈ/ਸ: ਪੰਕਜ਼ ਜਿੰਦਲ ਕੰਨਟਰੈਕਟਰ, ਪਟਿਆਲਾ।

ਉਕਤ ਏਜੰਸੀਆਂ ਵੱਲੋ ਟੈਂਡਰ ਫੀਸ ਅਤੇ ਜਮਾਨਤੀ ਰਕਮ ਨੈਂਟ ਬੈਂਕਿੰਗ ਰਾਹੀ ਜਮ੍ਹਾਂ ਕਰਵਾਈ ਗਈ ਹੈ। ਇਨ੍ਹਾਂ ਏਜੰਸੀਆਂ ਦੀਆਂ ਟੈਕਨੀਕਲ ਬਿੱਡਾਂ ਦਾ ਮੁਲਾਂਕਣ ਗਠਿਤ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋ ਕੀਤਾ ਗਿਆ। ਮੈ/ਸ: ਗੁਪਤਾ ਬਿਲਡਰਜ਼, ਸੁਨਾਮ ਵੱਲੋ ਇਸ ਮੰਡਲ ਅਧੀਨ ਸਪੈਸ਼ਲ ਅਸਿਸਟੈਂਸ ਸਕੀਮ ਅਧੀਨ ਵੱਖ-ਵੱਖ ਕੰਮਾਂ ਲਈ ਵੀ ਟੈਂਡਰ ਪਾਏ ਗਏ ਹਨ, ਜਿਸ ਵਿੱਚੋ 2 ਨੰ: ਕੰਮਾਂ ਦੀ ਫਾਇਨੈਂਸ਼ਲ ਬਿੱਡ ਮਿਤੀ 17-4-25 ਨੂੰ ਖੋਲੀ ਜਾ ਚੁੱਕੀ ਹੈ।ਇਨ੍ਹਾਂ 02 ਨੰਬਰ ਕੰਮਾਂ ਵਿੱਚ ਮੈ/ਸ: ਗੁਪਤਾ ਬਿਲਡਰਜ਼, ਸੁਨਾਮ ਨੂੰ **L1** ਪਾਇਆ ਗਿਆ ਹੈ, ਜਿਨ੍ਹਾਂ ਦੀ ਕੁੱਲ ਅਲਾਟਿਡ ਰਕਮ ਰੁਪਏ 3048.74 ਲੱਖ ਰੁਪਏ ਬਣਦੀ ਹੈ।ਮੈ/ਸ: ਗੁਪਤਾ ਬਿਲਡਰਜ਼, ਸੁਨਾਮ ਵੱਲੋ ਵਿਸ਼ੇ ਅਧੀਨ ਕੰਮ ਲਈ ਅਪਲੋਡ ਕੀਤੀ ਗਈ ਬਿੱਡ ਵਿੱਚ ਏਜੰਸੀ ਦੀ ਬਿੱਡ ਕਪੈਸਟੀ ਰੁਪਏ 3746.47 ਲੱਖ ਬਣਦੀ ਹੈ, ਜਿਸ ਵਿੱਚੋ ਉਕਤ 02 ਨੰ: ਕੰਮਾਂ ਦੀ ਰਕਮ ਘਟਾਉਣ ਨਾਲ (3746.47-3048.74=697.73 ਲੱਖ) ਏਜੰਸੀ ਦੀ ਬਿੱਡ ਕਪੈਸਟੀ ਸਿਰਫ ਰੁਪਏ 697.73 ਲੱਖ ਰਹਿ ਜਾਂਦੀ ਹੈ, ਜਿਸ ਕਾਰਣ ਅਪਰੂਵਡ ਡੀ.ਐਨ.ਆਈ.ਟੀ. ਵਿੱਚ ਦਰਜ਼ Instructions to Bidders ਦੀ ਕਲਾਜ਼ 31.1(ii) ਅਨੁਸਾਰ ਮੈ/ਸ: ਗੁਪਤਾ ਬਿਲਡਰਜ਼, ਸੁਨਾਮ ਦੀ ਬਿੱਡ, ਬਿੱਡ ਕਪੈਸਟੀ ਘੱਟ ਹੋਣ ਕਾਰਣ ਨਾਨ-ਰਿਸਪੋਨਸਿਵ ਪਾਈ ਗਈ।

ਮੈ/ਸ: ਬੀ.ਐਸ. ਬਿਲਡਰਜ਼, ਦਿੜਬਾ ਵੱਲੋ ਅਪਲੋਡ ਕੀਤੀ ਗਈ ਟੈਕਨੀਕਲ ਬਿੱਡ ਵਿੱਚ ਏਜੰਸੀ ਵੱਲੋ ਦਰਸਾਏ ਗਏ ਬੈਚ ਟਾਇਪ ਹੋਟ ਮਿਕਸ ਪਲਾਂਟ ਦੀ ਮਿਆਦ 05 ਸਾਲਾਂ ਤੋਂ ਵੱਧ ਹੈ, ਜਿਸ ਕਾਰਣ ਮੈ/ਸ: ਬੀ.ਐਸ. ਬਿਲਡਰਜ਼, ਦਿੜਬਾ ਦੀ ਬਿੱਡ ਵੀ ਡੀ.ਐਨ.ਆਈ.ਟੀ. ਦੀ ਕਲਾਜ਼ 4.5.5 (Equipment Capability) ਅਨੁਸਾਰ ਨਾਨ-ਰਿਸਪੋਨਸਿਵ ਪਾਈ ਗਈ। ਲੜੀ ਨੰ: 4 ਅਤੇ 5 ਤੇ ਦਰਜ਼ ਏਜੰਸੀਆਂ ਵੱਲੋ ਅਪਰੂਵਡ ਡੀ.ਐਨ.ਆਈ.ਟੀ ਦੀ ਕਲਾਜ 4.5.3 ਬੀ ਅਨੁਸਾਰ Highway (Road and/or Bridge work) ਦਾ ਲੋੜੀਂਦਾ work experience ਨਾ ਹੋਣ ਕਾਰਣ ਇਨ੍ਹਾਂ ਦੋਨਾਂ ਏਜੰਸੀਆਂ ਦੀਆਂ ਦੀਆਂ ਟੈਕਨੀਕਲ ਬਿੱਡਾਂ ਨਾਨ ਰਿਸਪੋਨਸਿਵ ਪਾਈਆਂ ਗਈਆਂ ਅਤੇ ਕੇਵਲ ਮੈ/ਸ: ਸੰਜੀਵ ਕੁਮਾਰ ਗੋਇਲ ਕੰਨਟਰੈਕਟਰ, ਮਾਨਸਾ ਦੀ ਬਿੱਡ ਰਿਸਪੋਂਨਸਿਵ ਪਾਈ ਗਈ।

ਉਕਤ ਅਨੁਸਾਰ ਚਾਰ ਏਜੰਸੀਆਂ ਦੇ ਨਾਨ ਰਿਸਪੋਂਨਸਿਵ ਹੋਣ ਕਾਰਣ ਇਹ ਸਿੰਗਲ ਬਿੱਡ ਟੈਂਡਰ ਰਹਿ ਜਾਂਦਾ ਹੈ।ਜਿਸ ਕਾਰਣ ਕਮੇਟੀ ਵੱਲੋਂ ਇਸ ਕੰਮ ਦਾ ਟੈਂਡਰ ਰੀ ਕਾਲ ਕਰਨ ਅਤੇ ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਸੰਗਰੂਰ ਨੂੰ ਅਗਲੇਰੀ ਕਾਰਵਾਈ ਲਈ ਹਦਾਇਤ ਕੀਤੀ ਗਈ।

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ ਭ ਤੇ ਮ ਸ਼ਾਖਾ,
ਸੰਗਰੂਰ।

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ,ਭ ਤੇ ਮ ਸ਼ਾਖਾ,
ਫਰੀਦਕੋਟ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,
ਸੰਗਰੂਰ।

ਡਿਪਟੀ ਕੰਨਟਰੋਲਰ (ਵਿੱਤ ਤੇ ਲੇਖਾ),
ਅੰਦਰੂਨੀ ਪੜਤਾਲ ਸੰਸਥਾ (ਮਾਲ),
ਸੰਗਰੂਰ।